# ਪ੍ਰੈਸ ਨੋਟ

## ਖੋਹੀ ਹੋਈ ਸਵਿਫਟ ਡਿਜਾਇਰ ਕਾਰ 3/4 ਘੰਟਿਆ ਵਿੱਚ ਬਰਾਮਦ

ਸ੍ਰੀ ਜੇ. ਇਲਨਚੇਲੀਅਨ, ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵਲੋਂ ਜਾਰੀ ਪ੍ਰੈਸ ਨੋਟ ਰਾਂਹੀਂ ਦੱਸਿਆ ਕਿ ਕੱਲ ਮਿਤੀ 03.08.17 ਨੂੰ ਵਿਜੈ ਕੁਮਾਰ ਪੁੱਤਰ ਗੁਰਬਚਨ ਸਿੰਘ ਵਾਸੀ ਅੱਡਾ ਚੋਲਾਂਗ ਖੋਖਰ ਜੋ ਮੋਬਾਇਲ ਸੇਲ ਅਤੇ ਰਿਪੇਅਰ ਦੀ ਦੁਕਾਨ ਕਰਦਾ ਹੈ, ਆਪਣੀ ਦੁਕਾਨ ਬੰਦ ਕਰਕੇ ਕਾਰ ਨੰਬਰੀ ਪੀ.ਬੀ.08-ਸੀ.ਐਕਸ-7081 ਮਾਰਕਾ ਸਵਿਫਟ ਡਿਜਾਇਰ, ਜਿਸ ਕਰੀਬ 50 ਮੋਬਾਇਲ ਫੋਨ ਅਤੇ 5000/- ਰੁਪਏ ਨਗਦੀ ਰੱਖਕੇ ਆਪਣੇ ਘਰ ਨੂੰ ਜਾ ਰਿਹਾ ਸੀ ਤਾਂ ਥੋੜਾ ਅੱਗੇ ਜਾ ਕੇ ਬੇਕਰੀ ਦੀ ਦੁਕਾਨ ਤੋਂ ਘਰੇਲੂ ਸਮਾਨ ਲੈਣ ਲਈ ਕਾਰ ਵਿੱਚੋਂ ਉਤਰਿਆ ਤਾਂ ਤਿੰਨ ਅਣਪਛਾਤੇ ਨਾਮਾਲੂਮ ਨੌਜਵਾਨਾਂ ਨੇ ਉਸ ਨੂੰ ਪਿਸਤੋਲ ਨੁਮਾ ਚੀਜ ਦਖਾਕੇ ਉਸਦੀ ਕਾਰ ਸਮੇਤ ਸਮਾਨ ਪਿੰਡ ਜੌੜਾ ਵੱਲ ਨੂੰ ਭਜਾਕੇ ਲੈ ਗਏ। ਜੋ ਇਹ ਇਤਲਾਹ ਮਿਲਣ ਤੇ ਥਾਣਾ ਟਾਂਡਾ ਵਿਖੇ ਮੁਕਦਮਾਂ ਨੰਬਰ 164/17 ਅ:ਧ: 382 ਭ:ਦ: ਦਰਜ ਰਜਿਸਟਰ ਕੀਤਾ ਗਿਆ। ਜੋ ਇਹ ਸੂਚਨਾ ਮਿਲਣ ਤੇ ਜਿਲ੍ਹਾ ਹੁਸ਼ਿਆਰਪੁਰ ਅਤੇ ਨਾਲ ਲੱਗਦੇ ਜਿਲਿਆਂ ਵਿੱਚ ਤੁਰੰਤ ਨਾਕਾਬੰਦੀ ਅਤੇ ਇਲਾਕਾ ਵਿੱਚ ਤਲਾਸ਼ ਲਈ ਗਸ਼ਤ ਲਗਾਈ ਗਈ।

ਖੋਹੀ ਹੋਈ ਕਾਰ ਅਤੇ ਦੋਸ਼ੀਆਂ ਦੀ ਤਲਾਸ਼ ਲਈ ਸ੍ਰੀ ਹਰਪ੍ਰੀਤ ਸਿੰਘ ਮੰਡੇਰ, ਪੁਲਿਸ ਕਪਤਾਨ ਇੰਵੈਸਟੀਗੇਸ਼ਨ, ਸ੍ਰੀ ਰਜਿੰਦਰ ਕੁਮਾਰ, ਉਪ ਕਪਤਾਨ ਪੁਲਿਸ, ਦਸੂਹਾ, ਸ੍ਰੀ ਹਰਜਿੰਦਰ ਸਿੰਘ ਉਪ ਕਪਤਾਨ ਪੁਲਿਸ, ਸਪੈਸ਼ਲ ਬ੍ਰਾਂਚ ਹੁਸ਼ਿਆਰਪੁਰ ਨੂੰ ਦਿਸ਼ਾ ਨਿਰਦੇਸ਼ ਦੇ ਕੇ ਇਲਾਕਾ ਵਿੱਚ ਭੇਜਿਆ ਗਿਆ। ਪੁਲਿਸ ਵੱਲੋਂ ਕੀਤੀ ਗਈ ਨਾਕਾਬੰਦੀ ਅਤੇ ਗਸ਼ਤ ਦਾ ਦਬਾਓ ਹੋਣ ਕਰਕੇ ਦੋਸ਼ੀਆਂਨ ਉਕਤ ਕਾਰ ਨੰਬਰੀ ਪਿੰਡ ਹੁਸੈਨਪੁਰ ਲਾਲੋਵਾਲ ਥਾਣਾ ਬੁਲੋਵਾਲ ਦੇ ਏਰੀਆ ਵਿੱਚ ਖੜੀ ਕਰਕੇ ਰਾਤ ਦੇ ਸਮੇਂ ਹਨੇਰੇ ਵਿੱਚ ਭੱਜ ਗਏ। ਇੰਸਪੈਕਟਰ ਕਰਨੈਲ ਸਿੰਘ, ਮੁੱਖ ਅਫਸਰ ਥਾਣਾ ਟਾਂਡਾ ਵੱਲੋਂ ਉਕਤ ਖੋਹੀ ਸਵਿਫਟ ਡਿਜਾਇਰ ਕਾਰ, 50 ਮੋਬਾਇਲ ਫੋਨ ਅਤੇ 5000/- ਨਗਦੀ ਬਰਾਮਦ ਕੀਤੀ ਗਈ ਹੈ। ਇਲਾਕਾ ਵਿੱਚ ਦੋਸ਼ੀਆਂ ਦੀ ਤਲਾਸ਼ ਲਈ ਸਰਚ ਅਪ੍ਰੇਸ਼ਨ ਅਤੇ ਨਾਕਾਬੰਦੀ ਜਾਰੀ ਹੈ।